# ਮੇਰੀ ABC ਦੀ ਕਿਤਾਬ (ਪੱਧਰ 1)

| | |
|---|---|
| **ਵੇਰਵਾ-** | ਸਿੱਖਿਆਰਥੀ ਆਪਣੀ ਅੱਖਰਾਂ ਦੀ ਕਿਤਾਬ ਬਣਾਉਣਗੇ ,ਸ਼੍ਰੇਣੀਆਂ ਵਿੱਚ ਵੰਡਣ ਬਾਰੇ ਸੋਚਣਗੇ, ਚਿੱਤਰ ਬਣਾਉਣਗੇ। |
| **ਮੁੱਖ ਪ੍ਰਸ਼ਨ** | ਕੀ ਤੁਸੀਂ ਆਪਣੀ ਅੱਖਰਾਂ ਦੀ ਕਿਤਾਬ ਬਣਾ ਸਕਦੇ ਹੋ? |
| **ਕੁੱਲ ਲੋੜੀਂਦਾ ਸਮਾਂ** | 2 ਹਫਤਿਆਂ ਵਿੱਚ 10 ਘੰਟੇ |
| **ਲੋੜੀਂਦੀ ਸਮੱਗਰੀ** | ਕਾਪੀ , ਪੈਨਸਿਲ, ਰਬੜ ਅਤੇ ਰੰਗ |
| **ਸਿੱਖਣ ਦੇ ਨਤੀਜੇ** | 1. ਕਿਤਾਬਾਂ ਤੋਂ ਦੇਖ ਕੇ ਪ੍ਰਿੰਟ ਦੀ ਸੂਝ ਬਣਾ ਕੇ ਜਾਣਕਾਰੀ ਦਾ ਉਚਿਤ ਸੰਚਾਰ ਕਰਨਾ ਅਤੇ ਕਹਾਣੀਆਂ, ਸ਼ਬਦਾਂ, ਅੱਖਰਾਂ ਅਤੇ ਧੁਨੀਆਂ ਬਾਰੇ ਗੱਲਬਾਤ ਕਰਨਾ।<br>2. ਪ੍ਰਿੰਟ ਅਤੇ ਚਿੱਤਰਾਂ ਦੀ ਪਛਾਣ ਕਰਨਾ ਅਤੇ ਉਹਨਾਂ ਵਿਚਕਾਰ ਦੇ ਫਰਕ ਨੂੰ ਦੱਸਣਾ।<br>3. ਧੁਨੀਆਂ ਅਤੇ ਅੱਖਰਾਂ ਨੂੰ ਸਹੀ ਤਰ੍ਹਾਂ ਪੜ੍ਹਨਾ ਅਤੇ ਜਵਾਬ ਦੇਣਾ।<br>4. ਪੜ੍ਹਨ ਲਈ ਉਚਿਤ ਰਣਨੀਤੀਆਂ/ਯੋਜਨਾਵਾਂ ਦਾ ਵਿਕਾਸ ਕਰਨਾ।<br>5. ਲਿਖਣ ਦਾ ਸੋਹਣਾ ਤਰੀਕਾ ਦਿਖਾਉਣਾ।<br>6. ਲਿਖਤੀ ਜਾਣਕਾਰੀ ਨੂੰ ਉਚਿਤ ਤੌਰ ਤੇ ਸੰਚਾਰਿਤ/ ਬਿਆਨ ਕਰਨਾ।<br>7. ਲਿਖਤ ਕੰਮ ਨੂੰ ਸਹੀ ਤਰੀਕੇ ਨਾਲ ਸੰਗਠਿਤ ਕਰਨਾ, ਸਪੈਲਿੰਗ ਕਰਨਾ ਅਤੇ ਵਿਸ਼ਰਾਮ ਚਿੰਨ੍ਹ ਲਗਾਉਣਾ।<br>8. ਲਿਖਣ ਦੀਆਂ ਉਚਿਤ ਰਣਨੀਤੀਆਂ/ਯੋਜਨਾਵਾਂ ਦਾ ਵਿਕਾਸ ਕਰਨਾ। |

## ਪਹਿਲਾ ਦਿਨ (1)

ਅੱਜ ਤੁਸੀਂ ਸਿੱਖੋਗੇ ਕਿ ਆਪਣੇ ਛੋਟੇ ਭੈਣ-ਭਰਾਵਾਂ ਨੂੰ ਵਰਣਮਾਲਾ ਸਿੱਖਣ ਲਈ ਵਰਣਮਾਲਾ ਦੀ ਕਿਤਾਬ ਕਿਵੇਂ ਬਣਾਈ ਜਾਵੇ!

| ਸੁਝਾਇਆ ਗਿਆ ਸਮਾਂ | ਗਤੀਵਿਧੀ ਅਤੇ ਵੇਰਵਾ |
|---|---|
| **5 ਮਿੰਟ** | ● ਸਿੱਖਿਆਰਥੀ ਇੱਕ ਵਰਣਮਾਲਾ ਦੀ ਕਿਤਾਬ ਨੂੰ ਹਵਾਲਾ ਲਈ ਵੇਖਣਗੇ ਜੇ ਉਹਨਾਂ ਕੋਲ ਹੈ<br>1. ਹਰੇਕ ਅੱਖਰ ਨੂੰ ਛੋਟੇ ਅਤੇ ਵੱਡੇ ਅੱਖਰਾਂ ਵਿੱਚ ਲਿਖਿਆ ਜਾਵੇਗਾ ਅਤੇ ਦੋਵਾਂ ਅੱਖਰਾਂ ਲਈ ਦੋ ਸ਼ਬਦ ਲਿਖੇ ਜਾਣਗੇ, ਜਿਨ੍ਹਾਂ ਨੂੰ ਲੇਬਲ ਵੀ ਲਗਾਇਆ ਜਾਵੇਗਾ। ਜਿਵੇਂ ਕਿ: Aa: Apple (ਸੇਬ) ਅਤੇ Ant (ਕੀੜੀ ) ਜਾਂ Bb:Ball (ਬਾਲ) ਅਤੇ Bird (ਪੰਛੀ) |
| **10 ਮਿੰਟ** | ਸਿੱਖਿਆਰਥੀ ਹਰੇਕ ਅੱਖਰ ਲਈ 2 ਕਿਸਮਾਂ ਦੇ ਸ਼ਬਦਾਂ ਬਾਰੇ ਸੋਚਣਗੇ। ਜਿਵੇਂ ਕਿ: ਜਾਨਵਰਾਂ ਦਾ ਨਾਮ ਅਤੇ ਭੋਜਨ ਦਾ ਨਾਮ। |
| **40 ਮਿੰਟ** | ਸਿੱਖਿਆਰਥੀ ਪਹਿਲੇ ਦਿਨ ਚਾਰ, A, B, C ,D 'ਤੇ ਕੰਮ ਕਰਨਗੇ। |
| **10-20 ਮਿੰਟ** | ● ਨੰਬਰ ਦਾ ਵਿਸਥਾਰ: (ਨੰਬਰ ਅਤੇ ਬੀਜ ਗਣਿਤ) ਸਿੱਖਿਆਰਥੀ ਪੇਜ 'ਤੇ ਪੇਜ ਨੰਬਰ ਲਿਖਣਗੇ ਅਤੇ ਨੰਬਰਾਂ ਨੂੰ ਕ੍ਰਮ ਵਿੱਚ ਲਿਖਣਗੇ, |

| | |
|---|---|
| | ● ਵੱਡੇ ਸਿੱਖਿਆਰਥੀ ਵੱਖੋ ਵੱਖਰੇ ਰੰਗਾਂ ਵਿੱਚ ਜਿਸਤ ਸੰਖਿਆਵਾਂ (even numbers) ਅਤੇ ਟਾਂਕ  ਸੰਖਿਆਵਾਂ (odd numbers) ਨੂੰ ਲਿੱਖ ਸਕਦੇ ਹਨ।<br>● ਸੰਕੇਤ: ਮਾਪੇ ਸ਼ਬਦ ਲਿਖਣ ਲਈ ਲਾਈਨਾਂ ਖਿੱਚਣ ਵਿਚ ਸਿੱਖਿਆਰਥੀ ਦੀ ਸਹਾਇਤਾ ਕਰ ਸਕਦੇ ਹਨ ਜਾਂ ਫਿਰ ਖੁਦ ਅੱਖਰ ਲਿੱਖ ਸਕਦੇ ਹਨ ਅਤੇ ਸਿੱਖਿਆਰਥੀ ਨੂੰ ਕਹਿ ਸਕਦੇ ਹਨ ਕਿ ਉਹ ਦੱਸਣ ਕੀ ਲਿਖਿਆ ਹੈ।<br>● ਜੋ ਸਿੱਖਿਆਰਥੀ ਵੱਡੇ ਹਨ, ਉਹ ਖੁਦ ਸਪੈਲਿੰਗ ਲਿੱਖ ਸਕਦੇ ਹਨ।<br>● ਸੁਝਾਅ: ਸਿੱਖਿਆਰਥੀ ਚਿੱਤਰਾਂ ਨੂੰ ਆਪ ਬਣਾਉਣ ਦੀ ਬਜਾਏ ਕਿਸੇ ਕਿਤਾਬ ਜਾਂ ਅਖਬਾਰ ਤੋਂ ਕੱਟ ਕੇ ਚਿਪਕਾ ਸਕਦੇ ਹਨ।<br>● ਸਿੱਖਿਆਰਥੀ 5 ਸਵਰਾਂ ਨੂੰ ਵੱਖਰੇ-ਵੱਖਰੇ ਰੰਗਾਂ ਵਿਚ ਲਿਖ ਸਕਦੇ ਹਨ ਤਾਂ ਕਿ ਉਹਨਾਂ ਦੀ ਪਹਿਚਾਣ ਕਰ ਸਕਣ : A, E, I, O ਅਤੇ U. |

## 2-5  ਦਿਨ

---

2-5 ਦਿਨ ਤੁਸੀਂ ਵਰਣਮਾਲਾ ਲਈ ਨਵੇਂ ਸ਼ਬਦਾਂ 'ਤੇ ਕੰਮ ਕਰੋਗੇ

| ਸੁਝਾਇਆ ਗਿਆ ਸਮਾਂ | ਗਤੀਵਿਧੀ ਅਤੇ ਵੇਰਵਾ |
|---|---|
| **50 ਮਿੰਟ** | ● ਸਿੱਖਿਆਰਥੀ ਇੱਕ ਦਿਨ ਵਿੱਚ 5 ਵਰਣਮਾਲਾ ਦੇ ਅੱਖਰਾਂ 'ਤੇ ਕੰਮ ਕਰਨਗੇ।<br>o ਦੂਜੇ ਦਿਨ ਉਹ E, F, G, H, I ਤੇ ਕੰਮ ਕਰਨਗੇ। (E ਅਤੇ I ਸਵਰ ਹਨ, ਇਹ ਵੱਖਰੇ ਰੰਗਾਂ ਨਾਲ ਲਿਖੇ ਜਾ ਸਕਦੇ ਹਨ )<br>o ਤੀਜੇ ਦਿਨ ਉਹ J, K, L, M, N  'ਤੇ ਕੰਮ ਕਰਨਗੇ।<br>o ਚੌਥੇ ਦਿਨ ਉਹ O, P, Q, R, S 'ਤੇ ਕੰਮ ਕਰਨਗੇ। ( O ਸਵਰ ਹੈ ਤਾਂ ਇਹ ਵੱਖਰੇ ਰੰਗ ਨਾਲ ਲਿਖਿਆ ਜਾ ਸਕਦਾ ਹੈ )<br>o ਪੰਜਵੇਂ ਦਿਨ ਉਹ T, U, V, W, X 'ਤੇ ਕੰਮ ਕਰਨਗੇ। ( U ਸਵਰ ਹੈ ਤਾਂ ਇਹ ਵੱਖਰੇ ਰੰਗ ਨਾਲ ਲਿਖਿਆ ਜਾ ਸਕਦਾ ਹੈ )<br>o ਸਿੱਖਿਆਰਥੀ ਵੱਡੇ ਅਤੇ ਛੋਟੇ ਅੱਖਰ ਲਿਖਣਗੇ (Cc)<br>o ਸਿੱਖਿਆਰਥੀ ਹਰੇਕ ਅੱਖਰ ਲਈ ਦੋ ਸ਼ਬਦਾਂ ਬਾਰੇ ਸੋਚਣਗੇ ਜਿਨ੍ਹਾਂ ਦੀਆਂ ਸ਼੍ਰੇਣੀਆਂ ਵੱਖ ਵੱਖ ਹੋਣਗੀਆਂ ਜਿਵੇਂ ਕਿ- Cc: CAT (ਬਿੱਲੀ) ਅਤੇ CUP (ਕੱਪ)<br>o ਸਿੱਖਿਆਰਥੀ ਸ਼ਬਦਾਂ ਦੇ ਚਿੱਤਰਾਂ ਬਨਾਉਣਗੇ ਅਤੇ ਰੰਗ ਭਰਨਗੇ।<br>o ਸਿੱਖਿਆਰਥੀ ਹਰੇਕ ਪੇਜ ਦੇ ਹੇਠਾਂ ਪੰਨਾ ਨੰਬਰ ਵੀ ਲਿਖਣਗੇ।<br>**ਸੁਝਾਅ**: ਮਾਪੇ ਸਿੱਖਿਆਰਥੀ ਨੂੰ ਲਿਖਣ ਲਈ ਲਾਈਨਾਂ ਖਿੱਚਣ ਵਿਚ ਸਹਾਇਤਾ ਕਰ ਸਕਦੇ ਹਨ ਸਿੱਖਿਆਰਥੀ ਉਹਨਾਂ 'ਤੇ ਅੱਖਰ ਲਿਖਣਗੇ। |
| **15 ਮਿੰਟ** | **ਅੰਕਾਂ ਦਾ ਵਾਧਾ: (ਡੇਟਾ ਹੈਂਡਲਿੰਗ):**<br>o ਸਿੱਖਿਆਰਥੀ ਇੱਕ ਟੇਬਲ ਬਣਾਉਣਗੇ ਜਿਸ 'ਤੇ ਉਹ ਲਿਖਣਗੇ ਕਿ ਭੋਜਨ ਦੀਆਂ ਚੀਜ਼ਾਂ ਦੀ ਗਿਣਤੀ ਕਿੰਨੀ ਹੈ। **ਪ੍ਰਸ਼ਨ ਹੋਣਗੇ**: ਤੁਹਾਡੀ ਵਰਣਮਾਲਾ ਦੀ ਕਿਤਾਬ ਵਿੱਚ ਕਿੰਨੇ ਖਾਣੇ ਦੀਆਂ ਚੀਜ਼ਾਂ ਪੀਲੀ, ਹਰੀ, ਲਾਲ ਆਦਿ ਹਨ?  ਸਿੱਖਿਆਰਥੀ ਕੁੱਲ ਜੋੜ ਅੰਤ ਵਿੱਚ ਲਿਖਣਗੇ।<br>o ਸਿੱਖਿਆਰਥੀ ਜਾਨਵਰਾਂ ਦੀ ਗਿਣਤੀ ਦੇ ਚਿੱਤਰ ਲਗਾਉਣਗੇ ਕਿ ਜ਼ਮੀਨ, ਪਾਣੀ ਜਾਂ ਹਵਾ ਵਿੱਚ ਕਿਹੜਾ ਕਿਹੜਾ ਜੀਵ ਰਹਿੰਦਾ ਹੈ। **ਪ੍ਰਸ਼ਨ ਇਹ ਹੋਵੇਗਾ**: ਵਰਣਮਾਲਾ ਦੀ ਕਿਤਾਬ ਵਿੱਚ ਕਿੰਨੇ ਜਾਨਵਰ ਪਾਣੀ, ਹਵਾ ਜਾਂ ਧਰਤੀ ਵਿੱਚ ਰਹਿੰਦੇ ਹਨ?<br>ਜ਼ਮੀਨ: ਸ਼ੇਰ, ਕੁੱਤਾ,<br>ਪਾਣੀ: ਮੱਛੀ, ਸ਼ਾਰਕ,<br>ਹਵਾ: ਕਾਂ, ਚਿੜੀ ਆਦਿ |

| | |
|---|---|
| | ਸਿੱਖਿਆਰਥੀ ਕੁੱਲ ਜੋੜ ਅੰਤ ਵਿੱਚ ਲਿਖਣਗੇ।<br>o ਸਿੱਖਿਆਰਥੀ ਭੋਜਨ ਦੀਆਂ ਵੱਖ ਵੱਖ ਸ਼੍ਰੇਣੀਆਂ ਦੀਆ ਚੀਜ਼ਾਂ ਦੇ ਚਿੱਤਰ ਲਗਾਉਣਗੇ।<br>**ਪ੍ਰਸ਼ਨ ਇਹ ਹੋਵੇਗਾ** : ਤੁਹਾਡੀ ਵਰਣਮਾਲਾ ਦੀ ਕਿਤਾਬ ਵਿਚ ਕਿੰਨੇ ਭੋਜਨ<br>ਵਿਚਲੀਆਂ ਚੀਜ਼ਾਂ ਫਲ, ਸਬਜ਼ੀਆਂ, ਡੇਅਰੀ ਜਾਂ ਹੋਰ ਹਨ<br>ਫਲ: ਲੀਚੀ, ਅੰਗੂਰ;<br>ਸਬਜ਼ੀਆਂ: ਆਲੂ, ਗਾਜਰ;<br>ਡੇਅਰੀ : ਦੁੱਧ, ਦਹੀਂ; ਸਿੱਖਿਆਰਥੀ ਕੁੱਲ ਜੋੜ ਅੰਤ ਵਿੱਚ ਲਿਖਣਗੇ। |

## ਛੇਵਾਂ ਦਿਨ (6)

---

### ਅੱਜ ਤੁਸੀਂ ਆਪਣੀ ਵਰਣਮਾਲਾ ਦੀ ਕਿਤਾਬ ਨੂੰ ਖਤਮ ਕਰੋਗੇ ਅਤੇ ਇਸਨੂੰ ਆਪਣੇ ਪਰਿਵਾਰ ਨਾਲ ਸਾਂਝਾ ਕਰੋਗੇ

| **ਸੁਝਾਇਆ ਗਿਆ ਸਮਾਂ** | **ਗਤੀਵਿਧੀ ਅਤੇ ਵੇਰਵਾ** |
|---|---|
| **20 ਮਿੰਟ** | ● ਸਿੱਖਿਆਰਥੀ Y ਅਤੇ Z ਦੇ ਆਖ਼ਰੀ ਦੋ ਅੱਖਰਾਂ ਨੂੰ ਪੂਰਾ ਕਰਨਗੇ |
| **10 ਮਿੰਟ** | ● ਸਿੱਖਿਆਰਥੀ ਆਪਣੀ ਵਰਣਮਾਲਾ ਦੀ ਕਿਤਾਬ ਪਹਿਲਾ ਪੇਜ਼ ਡਿਜ਼ਾਈਨ ਕਰਨਗੇ<br>o ਸਿੱਖਿਆਰਥੀ  ਕਿਤਾਬ ਦੇ "ਸਿਰਲੇਖ" ਬਾਰੇ ਸੋਚਣਗੇ - ਜਿਵੇਂ ਕਿ 'ਮੇਰੀ ਵਰਣਮਾਲਾ ਦੀ ਕਿਤਾਬ',  'ਮੇਰੇ ਦੁਆਰਾ ABC' ਆਦਿ।<br>o ਸਿੱਖਿਆਰਥੀ ਕਿਤਾਬ ਦਾ ਪਹਿਲਾ ਪੰਨਾ ਇਸ ਤਰ੍ਹਾਂ ਦਰਸਾਉਣਗੇ ਕਿ ਛੋਟੇ ਪਾਠਕ ਕਿਤਾਬ ਦੇ ਉਦੇਸ਼ ਦੀ ਪਛਾਣ ਕਰਨ।<br>o ਸਿੱਖਿਆਰਥੀ ਲੇਖਕ ਅਤੇ ਚਿੱਤਰਕਾਰ ਦਾ ਨਾਮ ਲਿਖਣਗੇ<br>(ਆਪਣੇ ਨਾਮ ) |
| **10 ਮਿੰਟ** | ● ਸਿੱਖਿਆਰਥੀ ਆਪਣੀ ਵਰਣਮਾਲਾ ਦੀ ਕਿਤਾਬ ਪਰਿਵਾਰ ਅਤੇ ਛੋਟੇ ਭੈਣ-ਭਰਾ ਨਾਲ ਸਾਂਝਾ ਕਰਨਗੇ। |
| **10 ਮਿੰਟ** | ● ਸਿੱਖਿਆਰਥੀ ਉਨ੍ਹਾਂ ਸਾਰੇ ਨਵੇਂ ਸ਼ਬਦਾਂ ਬਾਰੇ ਸੋਚਣਗੇ ਜੋ ਉਨ੍ਹਾਂ ਨੇ ਨਵੇਂ ਸਿੱਖੇ ਹਨ। |

| **ਰੰਗ** | **ਭੋਜਨ ਦੀਆਂ ਚੀਜ਼ਾਂ** | | | ਕੁੱਲ ਜੋੜ |
|---|---|---|---|---|
| ਲਾਲ |  |  | | |

| | | | | |
|---|---|---|---|---|
| ਪੀਲਾ |  |  | | |
| ਸੰਤਰੀ |  | | | |
| ਹਰਾ |  |  |  | |

## ਮੁਲਾਂਕਣ ਮਾਪਦੰਡ

- ਡਿਜ਼ਾਇਨ ਅਤੇ ਰਚਨਾਤਮਕਤਾ
- ਹਰ ਸ਼੍ਰੇਣੀ ਦੇ ਸ਼ਬਦਾਂ ਬਾਰੇ ਸੋਚਣ ਲਈ ਆਲੋਚਨਾਤਮਕ ਸੋਚ
- ਲਿਖਣ ਦੀ ਸਪਸ਼ਟਤਾ
- ਸਪੈਲਿੰਗ ਦਾ ਗਿਆਨ

## ਕੁੱਝ ਹੋਰ ਗਤੀਵਿਧੀਆਂ

- ਸਿੱਖਿਆਰਥੀ ਵਧੇਰੇ ਸ਼੍ਰੇਣੀਆਂ ਜੋੜ ਸਕਦੇ ਹਨ ਅਤੇ ਸਪੈਲਿੰਗਾਂ ਪ੍ਰਤੀ ਵਾਧੂ ਸ਼ਬਦਾਂ 'ਤੇ ਕੇਂਦ੍ਰਤ ਕਰ ਸਕਦੇ ਹਨ
- ਸਿੱਖਿਆਰਥੀ ਸ਼ਬਦਾਂ ਨੂੰ ਦਰਸਾਉਣ ਅਤੇ ਰੰਗ ਦੇਣ ਦੀ ਬਜਾਏ ਚਿੱਤਰਾਂ ਨੂੰ ਚਿਪਕਾ ਵੀ ਸਕਦੇ ਹਨ